ਮਿੱਠੇ ਬੱਚੇ:- "ਮਿੱਠੇ ਬੱਚੇ - ਆਪਣਾ ਚਾਰਟ ਰੱਖੋ ਤਾਂ ਪਤਾ ਲੱਗੇ ਕਿ ਅਸੀਂ ਅੱਗੇ ਵੱਧ ਰਹੇ ਹਾਂ ਜਾਂ ਪਿੱਛੇ ਹੱਟ ਰਹੇ ਹਾਂ, ਦੇਹ - ਅਭਿਮਾਨ ਪਿੱਛੇ ਹਟਾਉਂਦਾ ਹੈ, ਦੇਹੀ - ਅਭਿਮਾਨੀ ਸਥਿਤੀ ਅੱਗੇ ਵਧਾਉਂਦੀ ਹੈ"

ਪ੍ਰਸ਼ਨ:- ਸਤਿਯੁੱਗ ਦੇ ਆਦਿ ਵਿੱਚ ਆਉਣ ਵਾਲੀ ਆਤਮਾ ਅਤੇ ਦੇਰ ਨਾਲ ਆਉਣ ਵਾਲੀ ਆਤਮਾ ਵਿੱਚ ਮੁੱਖ ਅੰਤਰ ਕੀ ਹੋਵੇਗਾ?

ਉੱਤਰ:- ਆਦਿ ਵਿੱਚ ਆਉਣ ਵਾਲੀਆਂ ਆਤਮਾਵਾਂ ਸੁੱਖ ਦੀ ਚਾਹਨਾ ਰੱਖਣਗੀਆਂ ਕਿਉਂਕਿ ਸਤਿਯੁੱਗ ਦਾ ਆਦਿ ਸਨਾਤਨ ਧਰਮ ਬਹੁਤ ਸੁੱਖ ਦੇਣ ਵਾਲਾ ਹੈ। ਦੇਰੀ ਨਾਲ ਆਉਣ ਵਾਲੀਆਂ ਆਤਮਾਵਾਂ ਨੂੰ ਸੁੱਖ ਮੰਗਣਾ ਆਵੇਗਾ ਨਹੀਂ, ਉਹ ਸ਼ਾਂਤੀ ਮੰਗਣਗੇ। ਬੇਹੱਦ ਦੇ ਬਾਪ ਕੋਲੋਂ ਸੁੱਖ ਅਤੇ ਸ਼ਾਂਤੀ ਦਾ ਵਰਸਾ ਹਰ ਆਤਮਾ ਨੂੰ ਪ੍ਰਾਪਤ ਹੁੰਦਾ ਹੈ।

ਓਮ ਸ਼ਾਂਤੀ। ਭਗਵਾਨੁਵਾਚ। ਜਦੋਂ ਭਗਵਾਨੁਵਾਚ ਕਿਹਾ ਜਾਂਦਾ ਹੈ ਤਾਂ ਬੱਚਿਆਂ ਨੂੰ ਸ਼੍ਰੀਕ੍ਰਿਸ਼ਨ ਬੁੱਧੀ ਵਿੱਚ ਨਹੀਂ ਆਉਂਦਾ ਹੈ। ਬੁੱਧੀ ਵਿੱਚ ਸ਼ਿਵਬਾਬਾ ਹੀ ਆਉਂਦਾ ਹੈ। ਮੂਲ ਗੱਲ ਹੈ ਬਾਪ ਦਾ ਪਰਿਚੈ ਦੇਣਾ ਕਿਉਂਕਿ ਬਾਪ ਤੋਂ ਹੀ ਵਰਸਾ ਮਿਲਦਾ ਹੈ। ਤੁਸੀਂ ਇਵੇਂ ਨਹੀਂ ਕਹੋਗੇ ਕਿ ਅਸੀਂ ਸ਼ਿਵਬਾਬਾ ਦੇ ਫੋਲੋਵਰਸ ਹਾਂ। ਨਹੀਂ, ਸ਼ਿਵਬਾਬਾ ਦੇ ਬੱਚੇ ਹਾਂ। ਹਮੇਸ਼ਾ ਆਪਣੇ ਨੂੰ ਬੱਚੇ ਸਮਝੋ। ਹੋਰ ਕਿਸੇ ਨੂੰ ਪਤਾ ਨਹੀਂ ਹੈ ਕਿ ਉਹ ਬਾਪ - ਟੀਚਰ ਅਤੇ ਗੁਰੂ ਵੀ ਹੈ। ਤੁਸੀਂ ਬੱਚਿਆਂ ਵਿੱਚ ਵੀ ਬਹੁਤ ਹਨ ਜੋ ਭੁੱਲ ਜਾਂਦੇ ਹਨ। ਇਹ ਯਾਦ ਰਹੇ ਤਾਂ ਅਹੋ ਸੋਭਾਗਿਆ। ਬਾਬਾ ਨੂੰ ਭੁੱਲ ਜਾਂਦੇ ਹਨ ਫਿਰ ਲੌਕਿਕ ਦੇਹ ਦੇ ਸੰਬੰਧ ਯਾਦ ਆ ਜਾਂਦੇ ਹਨ। ਅਸਲ ਵਿੱਚ ਤੁਹਾਡੀ ਬੁੱਧੀ ਵਿੱਚੋ ਹੋਰ ਸਭ ਨਿਕਲ ਜਾਣਾ ਚਾਹੀਦਾ ਹੈ। ਇਕ ਬਾਪ ਹੀ ਯਾਦ ਰਹੇ। ਤੁਸੀਂ ਕਹਿੰਦੇ ਹੋ - ਤਵਮੇਵ ਮਾਤਾਸ਼ਚ ਪਿਤਾ (ਤੁਸੀਂ ਹੀ ਮਾਤ ਪਿਤਾ ਹੋ)... ਜੇਕਰ ਦੂਜਾ ਕੋਈ ਯਾਦ ਆਉਂਦਾ ਹੈ ਤਾਂ ਇਵੇਂ ਨਹੀਂ ਕਹਾਂਗੇ ਕਿ ਸਦਗਤੀ ਵਿੱਚ ਜਾ ਰਹੇ ਹਾਂ, ਦੇਹ - ਅਭਿਮਾਨ ਵਿੱਚ ਹਨ ਤਾਂ ਦੁਰਗਤੀ ਹੀ ਹੁੰਦੀ ਹੈ, ਦੇਹੀ - ਅਭਿਮਾਨੀ ਹੋਵੇ ਤਾਂ ਸਦਗਤੀ ਹੁੰਦੀ ਹੈ। ਕਦੇ ਥੱਲੇ, ਕਦੇ ਉਪਰ ਚੜਦੇ ਉਤਰਦੇ ਰਹਿੰਦੇ ਹਨ। ਕਦੇ ਅੱਗੇ ਵਧਦੇ ਹਨ, ਕਦੇ ਪਿੱਛੇ ਹਟਦੇ ਹਨ। ਦੇਹ - ਅਭਿਮਾਨ ਵਿੱਚ ਤਾਂ ਬੜੇ ਆਉਂਦੇ ਹਨ, ਇਸਲਈ ਬਾਬਾ ਹਮੇਸ਼ਾ ਕਹਿੰਦੇ ਹਨ ਚਾਰਟ ਰੱਖੋ ਤਾਂ ਪਤਾ ਲੱਗੇ ਕਿ ਅੱਗੇ ਵੱਧ ਰਹੇ ਹੋ ਜਾਂ ਪਿੱਛੇ ਹੱਟ ਰਹੇ ਹੋ? ਸਾਰਾ ਮਦਾਰ ਹੈ ਯਾਦ ਤੇ। ਥੱਲੇ ਉਪਰ ਹੁੰਦੇ ਹੀ ਰਹਿੰਦੇ ਹਨ। ਬੱਚੇ ਚਲਦੇ-ਚਲਦੇ ਥੱਕ ਜਾਂਦੇ ਹਨ, ਫਿਰ ਰੜੀਆਂ ਮਾਰਦੇ ਹਨ - ਬਾਬਾ, ਇਹ ਹੁੰਦਾ ਹੈ। ਯਾਦ ਭੁੱਲ ਜਾਂਦੀ ਹੈ। ਦੇਹ - ਅਭਿਮਾਨ ਵਿੱਚ ਆਉਣ ਨਾਲ ਹੀ ਪਿੱਛੇ ਹੱਟਦੇ ਹਨ। ਕੁਝ ਨਾ ਕੁਝ ਪਾਪ ਕਰਦੇ ਹਨ। ਯਾਦ ਤੇ ਸਾਰਾ ਮਦਾਰ ਹੈ। ਯਾਦ ਨਾਲ ਉਮਰ ਵਧਦੀ ਹੈ ਇਸਲਈ ਯੋਗ ਅੱਖਰ ਨਾਮੀਗ੍ਰਾਮੀ ਹੈ। ਗਿਆਨ ਦੀ ਤਾਂ ਸਬਜੈਕਟ ਬੜੀ ਸਹਿਜ ਹੈ। ਬਹੁਤ ਹਨ ਜਿਨ੍ਹਾਂ ਨੂੰ ਗਿਆਨ ਵੀ ਨਹੀਂ ਹੈ ਤਾਂ ਨਾ ਹੀ ਯੋਗ ਹੈ, ਇਸ ਵਿੱਚ ਬੜਾ ਨੁਕਸਾਨ ਹੁੰਦਾ ਹੈ। ਬਹੁਤਿਆਂ ਤੋਂ ਮੇਹਨਤ ਹੁੰਦੀ ਨਹੀਂ ਹੈ। ਪੜ੍ਹਾਈ ਵਿੱਚ ਨੰਬਰਵਾਰ ਤਾਂ ਹੁੰਦੇ ਹੀ ਹਨ। ਪੜ੍ਹਾਈ ਤੋਂ ਸਮਝਿਆ ਜਾਂਦਾ ਹੈ ਕਿ ਇਹ ਕਿਥੋਂ ਤੱਕ ਅਤੇ ਕਿਸਦੀ ਸਰਵਿਸ ਕਰਦੇ ਹਨ? ਸਭ ਨੂੰ ਸ਼ਿਵਬਾਬਾ ਦਾ ਪਰਿਚੈ ਦੇਣਾ ਹੈ। ਤੁਸੀਂ ਜਾਣਦੇ ਹੋ ਬੇਹੱਦ ਦਾ ਵਰਸਾ ਇਕ ਹੀ ਬੇਹੱਦ ਦੇ ਬਾਪ ਤੋਂ ਮਿਲਦਾ ਹੈ। ਮੁੱਖ ਹੈ ਮਾਤ - ਪਿਤਾ ਅਤੇ ਤੁਸੀਂ ਬੱਚੇ। ਇਹ ਹੋਇਆ ਇਸ਼ਵਰੀਏ ਕਟੁੰਬ। ਹੋਰ ਕਿਸੇ ਦੀ ਬੁੱਧੀ ਵਿੱਚ ਇਹ ਨਹੀਂ ਹੋਵੇਗਾ ਕਿ ਅਸੀਂ ਸ਼ਿਵਬਾਬਾ ਦੀ ਸੰਤਾਨ ਹਾਂ, ਉਸ ਤੋਂ ਹੀ ਵਰਸਾ ਲੈਣਾ ਹੈ। ਇਕ ਬਾਪ ਨੂੰ ਹੀ ਯਾਦ ਕਰਨਾ ਹੈ, ਉਹ ਵੀ ਨਿਰਾਕਾਰ ਸ਼ਿਵਬਾਬਾ, ਪਰਿਚੈ ਵੀ ਇਵੇਂ ਹੀ ਦੇਵੋ। ਉਹ ਤਾਂ ਬੇਹੱਦ ਦਾ ਬਾਪ ਹੈ। ਉਸਨੂੰ ਸਰਵਵਿਆਪੀ ਕਿਵੇਂ ਕਹਾਂਗੇ! ਭਲਾ ਉਨ੍ਹਾਂ ਤੋਂ ਵਰਸਾ ਕਿਵੇਂ ਪਾਵਾਂਗੇ? ਪਾਵਨ ਕਿਵੇਂ ਬਣਾਂਗੇ? ਬਣ ਹੀ ਨਹੀਂ ਸਕਦੇ। ਬਾਪ ਘੜੀ-ਘੜੀ ਕਹਿੰਦੇ ਹਨ - ਮਨਮਨਾਭਵ, ਮੈਨੂੰ ਯਾਦ ਕਰੋ। ਇਹ ਕੋਈ ਵੀ ਜਾਣਦੇ ਨਹੀਂ ਹਨ। ਸ਼੍ਰੀਕ੍ਰਿਸ਼ਨ ਨੂੰ ਵੀ ਸਭ ਨਹੀ ਜਾਣਦੇ ਹਨ। ਉਹ ਮੋਰ ਮੁਕੁਟ ਧਾਰੀ ਇਥੇ ਕਿਵੇਂ ਆਉਣਗੇ? ਇਹ ਹੈ ਬੜਾ ਉੱਚਾ ਗਿਆਨ। ਉਚੇ ਗਿਆਨ ਵਿੱਚ ਜਰੂਰ ਥੋੜੀ ਡਿਫੀਕਲਟੀ(ਮੁਸ਼ਕਿਲ) ਵੀ ਹੋਵੇਗੀ। ਸਹਿਜ ਨਾਮ ਵੀ ਹੈ। ਬਾਪ ਤੋਂ ਵਰਸਾ ਲੈਣਾ ਤਾਂ ਸਹਿਜ ਹੈ ਨਾ। ਬੱਚੇ ਡਿਫਿਕਲਟ ਕਿਉਂ ਸਮਝਦੇ ਹਨ? ਕਿਉਂਕਿ ਬਾਪ ਨੂੰ ਯਾਦ ਨਹੀਂ ਕਰ ਸਕਦੇ।

ਬਾਪ ਨੇ ਬੱਚਿਆਂ ਨੂੰ ਦੁਰਗਤੀ ਅਤੇ ਸਦਗਤੀ ਦਾ ਰਾਜ਼ ਵੀ ਸਮਝਾਇਆ ਹੈ। ਇਸ ਸਮੇਂ ਸਭ ਦੁਰਗਤੀ ਵਿੱਚ ਜਾਂ ਰਹੇ ਹਨ। ਮਨੁੱਖ ਮੱਤ ਦੁਰਗਤੀ ਵਿੱਚ ਲੈ ਜਾਂਦੀ ਹੈ, ਇਹ ਹੈ ਇਸ਼ਵਰੀਏ ਮੱਤ, ਇਸਲਈ ਬਾਬਾ ਕੰਟਰਾਸਟ ਬਣਵਾਉਂਦੇ ਹਨ। ਹਰੇਕ ਮਨੁੱਖ ਆਪਣੇ ਤੋਂ ਪੁੱਛੇ ਕਿ ਅਸੀਂ ਨਰਕਵਾਸੀ ਹਾਂ ਜਾਂ ਸਵਰਗਵਾਸੀ ਹਾਂ? ਹੁਣ ਸਤਿਯੁੱਗ ਹੈ ਕਿੱਥੇ? ਪਰ ਮਨੁੱਖ ਕੁਝ ਵੀ ਸਮਝਦੇ ਨਹੀਂ ਹਨ। ਸਤਿਯੁੱਗ ਨੂੰ ਵੀ ਕਲਪਨਾ ਸਮਝਦੇ ਹਨ। ਅਨੇਕ ਮਤ ਹਨ, ਅਨੇਕ ਮਤ ਨਾਲ ਦੁਰਗਤੀ ਹੋ ਜਾਂਦੀ ਹੈ। ਇਕ ਮਤ ਨਾਲ ਸਦਗਤੀ ਹੋ ਜਾਂਦੀ ਹੈ। ਇਹ ਤਾਂ ਬੜਾ ਵਧੀਆ ਸਲੋਗਨ ਹੈ - "ਮਨੁੱਖ, ਮਨੁੱਖ ਨੂੰ ਦੁਰਗਤੀ ਵਿੱਚ ਲੈ ਜਾਂਦੇ ਹਨ, ਇਕ ਈਸ਼ਵਰ ਸਭ ਨੂੰ ਸਦਗਤੀ ਦਿੰਦੇ ਹਨ।" ਤਾਂ ਤੁਸੀਂ ਸ਼ੁਭ ਬੋਲਦੇ ਹੋ ਨਾ। ਬਾਪ ਦੀ ਮਹਿਮਾ ਕਰਦੇ ਹੋ ਨਾ। ਉਹ ਸਭ ਦਾ ਬਾਪ ਹੈ, ਸਭ ਦੀ ਸਦਗਤੀ ਕਰਦੇ ਹਨ। ਬੱਚਿਆਂ ਨੂੰ ਬਾਪ ਨੇ ਬੜਾ ਸਮਝਾਇਆ ਹੈ ਭਾਵੇਂ ਪ੍ਰਭਾਤ ਫੇਰੀ ਕੱਢੋ। ਬੋਲੋ, ਹੇਵਨਲੀ ਗੌਡ ਫਾਦਰ ਸਾਨੂੰ ਇਹ ਪੱਦ ਪ੍ਰਾਪਤ ਕਰਵਾ ਰਹੇ ਹਨ। ਹੁਣ ਨਰਕ ਦਾ ਅੰਤ ਆਉਣ ਵਾਲਾ ਹੈ। ਸਮਝਾਉਣ ਵਿੱਚ ਮੇਹਨਤ ਤਾਂ ਕਰਨੀ ਪੈਂਦੀ ਹੈ। ਐਰੋਪਲੇਨ ਵਿੱਚੋਂ ਪਰਚੇ ਸੁੱਟ ਸਕਦੇ ਹੋ। ਅਸੀਂ ਤਾਂ ਇਕ ਹੀ ਬਾਪ ਦੀ ਮਹਿਮਾ ਕਰਦੇ ਹਾਂ, ਉਹ ਹੈ ਹੀ ਸਰਵ ਦਾ ਸਦਗਤੀ ਦਾਤਾ। ਬਾਪ ਕਹਿੰਦੇ ਹਨ - ਬੱਚੇ ਮੈਂ ਤੁਹਾਨੂੰ

ਸਦਗਤੀ ਦਿੰਦਾ ਹਾਂ। ਫਿਰ ਤੁਹਾਨੂੰ ਦੁਰਗਤੀ ਦੇਣ ਵਾਲਾ ਕੌਣ ਹੈ? ਕਿਹਾ ਜਾਂਦਾ ਹੈ ਅੱਧਾ ਕਲਪ ਹੈ ਹੈਵਿਨ, ਫਿਰ ਹੈ ਹੈਲ। ਰਾਵਣ ਰਾਜ ਮਤਲਬ ਹੀ ਆਸੁਰੀ ਰਾਜ, ਥੱਲੇ ਹੀ ਡਿੱਗਦੇ ਆਉਂਦੇ ਹਨ - ਉਲਟੀ ਰਾਵਣ ਦੀ ਮਤ ਨਾਲ। ਪਤਿਤ ਪਾਵਨ ਇਕ ਬਾਪ ਹੈ, ਅਸੀਂ ਬਾਪ ਤੋਂ ਵਿਸ਼ਵ ਦਾ ਮਾਲਿਕ ਬਣ ਰਹੇ ਹਾਂ। ਇਸ ਸ਼ਰੀਰ ਤੋਂ ਵੀ ਮੋਹ ਕੱਢ ਦੇਣਾ ਹੈ। ਜੇਕਰ ਹੰਸ ਬਗੁਲੇ ਇਕੱਠੇ ਹੋਣਗੇ ਤਾਂ ਮੋਹ ਕਿਵੇਂ ਨਿਕਲੇਗਾ? ਹਰ ਇਕ ਦੀ ਸਰਕਮਸਟਾਂਸ(ਹਾਲਾਤ) ਦੇਖੀ ਜਾਂਦੀ ਹੈ। ਹਿੰਮਤ ਹੈ ਆਪਣਾ ਸ਼ਰੀਰ ਨਿਰਵਾਹ ਆਪੇ ਹੀ ਕਰ ਸਕਦੇ ਹੋ ਤਾਂ ਫਿਰ ਜ਼ਿਆਦਾ ਜੰਝਟ ਵਿੱਚ ਕਿਉਂ ਫੱਸਦੇ ਹੋ? ਪੇਟ ਬਹੁਤਾ ਨਹੀਂ ਖਾਂਦਾ ਹੈ, ਬਸ ਦੋ ਰੋਟੀ ਖਾਓ ਹੋਰ ਕੋਈ ਫੁਰਨਾ ਨਹੀਂ। ਫਿਰ ਵੀ ਆਪਣੇ ਨਾਲ ਪ੍ਰਣ ਕਰਨਾ ਚਾਹੀਦਾ ਹੈ ਕਿ ਬਾਪ ਨੂੰ ਹੀ ਯਾਦ ਕਰਨਾ ਹੈ, ਜਿਸ ਨਾਲ ਸਭ ਵਿਕਰਮ ਵਿਨਾਸ਼ ਹੋ ਜਾਣ। ਇਸਦਾ ਮਤਲਬ ਇਹ ਨਹੀਂ ਕਿ ਧੰਧਾ ਨਹੀਂ ਕਰਨਾ ਹੈ। ਧੰਧਾ ਨਹੀਂ ਕਰੋਗੇ ਤਾਂ ਪੈਸੇ ਕਿਥੋਂ ਆਉਣਗੇ? ਭੀਖ ਤਾਂ ਨਹੀਂ ਮੰਗਣੀ ਹੈ ਨਾ। ਇਹ ਤਾਂ ਘਰ ਹੈ, ਸ਼ਿਵਬਾਬਾ ਦੇ ਭੰਡਾਰੇ ਤੋਂ ਖਾਂਦੇ ਹੋ। ਜੇਕਰ ਸਰਵਿਸ ਨਹੀਂ ਕਰਦੇ ਅਤੇ ਮੁਫ਼ਤ ਵਿੱਚ ਖਾਂਦੇ ਹੋ ਤਾਂ ਮਤਲਬ ਕਿ ਭੀਖ ਤੇ ਚਲਣਾ ਹੋ ਗਿਆ। 21 ਜਨਮ ਫਿਰ ਸਰਵਿਸ ਕਰਨੀ ਪਵੇਗੀ। ਰਾਜਾ ਤੋਂ ਲੈ ਕੇ ਰੰਕ ਤੱਕ ਸਭ ਇਥੇ ਹਨ, ਉਥੇ ਵੀ ਹਨ ਪਰ ਉਥੇ ਸਦਾ ਸੁੱਖ ਹੈ, ਇਥੇ ਸਦਾ ਦੁੱਖ ਹੈ। ਪੋਜੀਸ਼ਨ ਤਾਂ ਹੁੰਦੀ ਹੈ ਨਾ। ਬਾਪ ਨਾਲ ਪੂਰਾ ਯੋਗ ਰੱਖਣਾ ਹੈ ਨਾ। ਸਰਵਿਸ ਕਰਨੀ ਹੈ। ਦਿਲ ਤੋਂ ਪੁੱਛਣਾ ਹੈ ਕਿ ਅਸੀਂ ਯੱਗ ਦੀ ਕਿੰਨੀ ਸਰਵਿਸ ਕਰਦੇ ਹਾਂ? ਕਹਿੰਦੇ ਹਨ ਈਸ਼ਵਰ ਦੇ ਕੋਲ ਸਭ ਦਾ ਹਿਸਾਬ ਕਿਤਾਬ ਬਣਿਆ ਬਣਾਇਆ ਹੈ। ਉਸਨੂੰ ਸਾਕਸ਼ੀ ਹੋ ਕੇ ਦੇਖਿਆ ਜਾਂਦਾ ਹੈ ਕਿ ਇਸ ਚਲਨ ਨਾਲ ਕੀ ਪਦ ਪਾਉਣਗੇ? ਇਹ ਵੀ ਸਮਝ ਸਕਦੇ ਹੋ ਕਿ ਸ਼੍ਰੀਮਤ ਤੇ ਚੱਲਣ ਨਾਲ ਕਿੰਨਾ ਉੱਚ ਪਦ ਪਾਵਾਂਗੇ, ਨਾਂ ਚੱਲਣ ਨਾਲ ਪਦ ਕਿੰਨਾ ਘੱਟ ਹੋ ਜਾਂਦਾ ਹੈ। ਇਹ ਸਭ ਸਮਝਣ ਦੀਆਂ ਗੱਲਾਂ ਹਨ। ਤੁਹਾਡੇ ਕੋਲ ਪ੍ਰਦਰਸ਼ਨੀ ਵਿੱਚ ਵੀ ਕੋਈ ਕਿਸੇ ਧਰਮ ਦਾ ਵੀ ਆਵੇ, ਬੋਲੋ ਬੇਹੱਦ ਦੇ ਬਾਪ ਤੋਂ ਬੇਹੱਦ ਦੀ ਸੁੱਖ ਸ਼ਾਂਤੀ ਦਾ ਵਰਸਾ ਮਿਲਦਾ ਹੈ। ਬੇਹੱਦ ਦਾ ਬਾਪ ਹੀ ਸ਼ਾਂਤੀ ਦਾਤਾ ਹੈ। ਉਸਨੂੰ ਹੀ ਕਹਿੰਦੇ ਹਨ ਸ਼ਾਂਤੀ ਦੇਵਾ। ਹੁਣ ਕੋਈ ਜੜ੍ਹ ਚਿੱਤਰ ਸ਼ਾਂਤੀ ਨਹੀਂ ਦੇ ਸਕਦਾ ਹੈ। ਬਾਪ ਕਹਿੰਦੇ ਹਨ - ਤੁਹਾਡਾ ਸਵਧਰਮ ਹੈ ਸ਼ਾਂਤ। ਤੁਸੀਂ ਸ਼ਾਂਤੀਧਾਮ ਜਾਣਾ ਚਾਹੁੰਦੇ ਹੋ। ਕਹਿੰਦੇ ਹੋ ਸ਼ਿਵਬਾਬਾ ਸ਼ਾਂਤੀ ਦੇਵੋ ਤਾਂ ਬਾਪ ਕਿਉਂ ਨਹੀਂ ਦੇਵੇਗਾ? ਕੀ ਬਾਬਾ ਵਰਸਾ ਨਹੀਂ ਦੇਣਗੇ ਬੱਚਿਆਂ ਨੂੰ? ਕਹਿੰਦੇ ਹਨ ਸ਼ਿਵਬਾਬਾ ਸੁੱਖ ਦਿਓ। ਉਹ ਤਾਂ ਹੈਵਿਨ ਸਥਾਪਤ ਕਰਨ ਵਾਲਾ ਹੈ, ਤਾਂ ਸੁੱਖ ਕਿਉਂ ਨਹੀਂ ਦੇਣਗੇ? ਉਸਨੂੰ ਯਾਦ ਹੀ ਨਹੀਂ ਕਰਨਗੇ, ਉਸ ਤੋਂ ਮੰਗੋਗੇ ਹੀ ਨਹੀਂ ਤਾਂ ਉਹ ਦੇਵੇਗਾ ਹੀ ਕੀ? ਸ਼ਾਂਤੀ ਦਾ ਸਾਗਰ ਤਾਂ ਬਾਪ ਹੀ ਹੈ। ਤੁਸੀਂ ਸੁੱਖ ਚਾਹੁੰਦੇ ਹੋ, ਬਾਪ ਕਹਿੰਦੇ ਹਨ ਸ਼ਾਂਤੀ ਤੋਂ ਬਾਅਦ ਫਿਰ ਸੁੱਖ ਵਿੱਚ ਆਉਣਾ ਹੈ। ਪਹਿਲਾਂ-ਪਹਿਲਾਂ ਜੋ ਆਉਣਗੇ ਉਹ ਸੁੱਖ ਪਾਉਣਗੇ। ਦੇਰ ਨਾਲ ਆਉਣ ਵਾਲਿਆਂ ਨੂੰ ਸੁੱਖ ਮੰਗਣਾ ਨਹੀਂ ਆਵੇਗਾ। ਉਹ ਮੁਕਤੀ ਹੀ ਮੰਗਣਗੇ। ਪਹਿਲਾਂ ਸਭ ਮੁਕਤੀ ਵਿੱਚ ਜਾਣਗੇ। ਉੱਥੇ ਤਾਂ ਦੁੱਖ ਹੋਵੇਗਾ ਹੀ ਨਹੀਂ।

ਤੁਸੀਂ ਜਾਣਦੇ ਹੋ ਅਸੀਂ ਮੁਕਤੀਧਾਮ ਜਾ ਕੇ ਫਿਰ ਜੀਵਨ ਮੁਕਤੀ ਵਿਚ ਆਵਾਂਗੇ। ਬਾਕੀ ਸਾਰੇ ਮੁਕਤੀ ਵਿੱਚ ਚਲੇ ਜਾਣਗੇ। ਇਸਨੂੰ ਕਿਆਮਤ ਦਾ ਸਮਾਂ ਕਿਹਾ ਜਾਂਦਾ ਹੈ। ਸਭ ਦਾ ਹਿਸਾਬ - ਕਿਤਾਬ ਚੁਕਤੁ ਹੋਣ ਵਾਲਾ ਹੈ, ਜਾਨਵਰਾਂ ਦਾ ਵੀ ਹਿਸਾਬ ਕਿਤਾਬ ਹੁੰਦਾ ਹੈ ਨਾ। ਕੋਈ-ਕੋਈ ਰਾਜਿਆਂ ਦੇ ਕੋਲ ਰਹਿੰਦੇ ਹਨ, ਉਨ੍ਹਾਂ ਦੀ ਕਿੰਨੀ ਪਾਲਣਾ ਹੁੰਦੀ ਹੈ। ਰੇਸ ਦੇ ਘੋੜੇ ਦੀ ਕਿੰਨੀ ਸੰਭਾਲ ਹੁੰਦੀ ਹੈ ਕਿਉਂਕਿ ਘੋੜੇ ਤਿੱਖੇ ਹੋਣਗੇ ਤੇ ਕਮਾਈ ਚੰਗੀ ਹੋਵੇਗੀ। ਧਨੀ ਜਰੂਰ ਪਿਆਰ ਕਰਨਗੇ। ਇਹ ਵੀ ਡਰਾਮਾ ਵਿੱਚ ਨੂੰਧ ਹੈ। ਉਥੇ ਇਹ ਹੁੰਦੇ ਹੀ ਨਹੀਂ। ਇਹ ਰੇਸ ਆਦਿ ਬਾਅਦ ਵਿੱਚ ਸ਼ੁਰੂ ਹੋਈ ਹੈ। ਇਹ ਸਾਰਾ ਬਣਿਆ ਬਣਾਇਆ ਖੇਡ ਹੈ। ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਨੂੰ ਵੀ ਤੁਸੀਂ ਹੁਣ ਜਾਣ ਗਏ ਹੋ। ਆਦਿ ਵਿੱਚ ਬੜੇ ਥੋੜੇ ਮਨੁੱਖ ਹੋਣਗੇ। ਅਸੀਂ ਵਿਸ਼ਵ ਤੇ ਰਾਜ ਕਰਦੇ ਰਹਾਂਗੇ। ਹਰੇਕ ਸਮਝ ਸਕਦੇ ਹਨ ਕਿ ਅਸੀਂ ਬਣ ਸਕਦੇ ਹਾਂ ਜਾਂ ਨਹੀਂ? ਅਸੀਂ ਬਹੁਤਿਆਂ ਦਾ ਕਲਿਆਣ ਕਰਦੇ ਹਾਂ? ਇਸ ਵਿੱਚ ਮੇਹਨਤ ਕਰਨੀ ਪਵੇ ਕਿਉਂਕਿ ਬਾਪ ਮਿਲਿਆ ਹੈ। ਦੁਨੀਆ ਵਾਲੇ ਤਾਂ ਆਪਸ ਵਿੱਚ ਲੜਦੇ ਝਗੜਦੇ ਰਹਿੰਦੇ ਹਨ, ਵਿਨਾਸ਼ ਦੇ ਲਈ ਕੀ-ਕੀ ਬਣਾਉਂਦੇ ਰਹਿੰਦੇ ਹਨ? ਇਵੇਂ-ਇਵੇਂ ਦੇ ਬੰਬਸ ਬਣਾਉਂਦੇ ਹਨ, ਜਿਸ ਨਾਲ ਅੱਗ ਲੱਗ ਜਾਵੇ। ਭੰਬੋਰ ਨੂੰ ਅੱਗ ਕੋਈ ਘੱਟ ਥੋੜੀ ਲੱਗੇਗੀ। ਬੁਝਾਉਣ ਵਾਲਾ ਕੋਈ ਰਹੇਗਾ ਨਹੀਂ। ਢੇਰ ਬੰਬ ਬਣਾਉਂਦੇ ਰਹਿੰਦੇ ਹਨ। ਉਸ ਵਿੱਚ ਗੈਸ ਪੋਇਜ਼ਨ ਆਦਿ ਪਾਉਂਦੇ ਹਨ। ਜੋ ਹਵਾ ਚੱਲਣ ਨਾਲ ਸਾਰੇ ਖ਼ਤਮ ਹੋ ਜਾਣਗੇ। ਮੌਤ ਤਾਂ ਸਾਮਣੇ ਖੜਾ ਹੈ, ਇਸਲਈ ਬਾਪ ਕਹਿੰਦੇ ਹਨ ਵਰਸਾ ਲੈਣਾ ਹੋਵੇ ਤਾਂ ਲਵੋ। ਮੇਹਨਤ ਕਰੋ। ਟੂ ਮਚ ਧੰਧੇ ਆਦਿ ਵਿੱਚ ਨਾਂ ਜਾਓ। ਕਿੰਨਾ ਚਿੰਤਨ ਰੱਖਣਾ ਪੈਂਦਾ ਹੈ। ਬਾਬਾ ਨੇ ਇਨ੍ਹਾਂ ਨੂੰ ਤਾਂ ਛੁਡਾ ਦਿੱਤਾ। ਹੁਣ ਇਹ ਛੀ-ਛੀ ਦੁਨੀਆ ਹੈ। ਤੁਹਾਨੂੰ ਬੱਚਿਆਂ ਨੂੰ ਬਾਪ ਨੂੰ ਯਾਦ ਕਰਨਾ ਹੈ, ਜੋ ਤੁਹਾਡੇ ਵਿਕਰਮ ਵਿਨਾਸ਼ ਹੋ ਜਾਣ ਅਤੇ ਬਾਪ ਤੋਂ ਵਰਸਾ ਲੈ ਲਵੋ। ਬਹੁਤ ਪਿਆਰ ਨਾਲ ਯਾਦ ਕਰਨਾ ਹੈ। ਲਕਸ਼ਮੀ - ਨਰਾਇਣ ਦਾ ਚਿੱਤਰ ਦੇਖਣ ਨਾਲ ਹੀ ਦਿਲ ਖੁਸ਼ ਹੋ ਜਾਂਦਾ ਹੈ। ਇਹ ਸਾਡਾ ਏਮ ਆਬਜੈਕਟ ਹੈ। ਭਾਵੇਂ ਪੂਜਾ ਕਰਦੇ ਸੀ ਪਰ ਪਤਾ ਥੋੜਾ ਸੀ ਕਿ ਅਸੀਂ ਇਹ ਬਣ ਸਕਦੇ ਹਾਂ। ਕੱਲ ਪੂਜਾਰੀ ਸੀ, ਅੱਜ ਪੂਜਨੀਏ ਬਣ ਰਹੇ ਹਾਂ। ਬਾਬਾ ਆਇਆ ਤਾਂ ਪੂਜਾ ਛੱਡ ਦਿੱਤੀ। ਬਾਪ ਨੇ ਵਿਨਾਸ਼ ਅਤੇ ਸਥਾਪਨਾ ਦਾ ਸਾਕਸ਼ਾਤਕਾਰ ਕਰਾਇਆ ਨਾ। ਅਸੀਂ ਵਿਸ਼ਵ ਦੇ ਮਾਲਿਕ ਬਣਦੇ ਹਾਂ। ਇਹ ਤਾਂ ਸਭ ਖ਼ਤਮ ਹੋਣਾ ਹੈ ਫਿਰ ਕਿਉਂ ਨਾ ਅਸੀਂ ਬਾਪ ਨੂੰ ਯਾਦ ਕਰੀਏ। ਅੰਦਰੋਂ ਇਕ ਦੀ ਹੀ ਮਹਿਮਾ ਗਾਉਂਦੇ ਰਹਿੰਦੇ ਹਨ - ਬਾਬਾ, ਤੁਸੀਂ ਕਿੰਨੇ ਮਿੱਠੇ ਹੋ।

ਤੁਸੀਂ ਜਾਣਦੇ ਹੋ ਅਸੀਂ ਸਾਰੀਆਂ ਆਤਮਾਵਾਂ ਦਾ ਬਾਪ ਉਹ ਇਕ ਹੀ ਹੈ, ਉਨ੍ਹਾਂ ਤੋਂ ਹੀ ਵਰਸਾ ਮਿਲਣਾ ਹੈ। ਅਸੀਂ ਭਗਤੀ ਮਾਰਗ ਵਿੱਚ ਉਨ੍ਹਾਂ ਨੂੰ ਯਾਦ ਕਰਦੇ ਸੀ, ਉਹ ਪਰਮਧਾਮ ਵਿੱਚ ਰਹਿਣ ਵਾਲਾ ਹੈ, ਇਸਲਈ ਤਾਂ ਉਨ੍ਹਾਂ ਦਾ ਚਿੱਤਰ ਵੀ ਹੈ। ਜੇਕਰ ਆਇਆ ਨਾ ਹੁੰਦਾ ਤਾਂ ਚਿੱਤਰ ਕਿਉਂ ਹੁੰਦਾ? ਸ਼ਿਵਜਯੰਤੀ ਵੀ ਮਨਾਉਂਦੇ ਹਨ। ਉਸਨੂੰ ਕਿਹਾ ਜਾਂਦਾ ਹੈ ਪਰਮਪਿਤਾ ਪਰਮਾਤਮਾ। ਬਾਕੀ ਤਾਂ ਸਭ ਨੂੰ ਮਨੁੱਖ ਜਾਂ ਦੇਵਤਾ ਕਿਹਾ ਜਾਂਦਾ ਹੈ। ਸਭ ਤੋਂ ਪਹਿਲਾਂ ਆਦਿ ਸਨਾਤਨ ਦੇਵੀ ਦੇਵਤਾ ਧਰਮ ਸੀ, ਪਿੱਛੋਂ ਹੋਰ ਧਰਮ ਹੋਏ ਹਨ। ਤਾਂ ਇਵੇਂ ਦੇ ਬਾਪ

ਨੂੰ ਕਿੰਨਾ ਪਿਆਰ ਨਾਲ ਯਾਦ ਕਰਨਾ ਚਾਹੀਦਾ ਹੈ। ਭਗਤੀ ਮਾਰਗ ਵਿੱਚ ਤਾਂ ਬੜੀਆਂ ਰੜੀਆਂ ਮਾਰਦੇ ਹਨ, ਸਮਝਦੇ ਕੁਝ ਵੀ ਨਹੀਂ ਹਨ। ਜੋ ਆਇਆ ਮਹਿਮਾ ਕਰਦੇ ਰਹਿੰਦੇ ਹਨ। ਅਨੇਕ ਸਤੁਤੀਆਂ ਹਨ। ਬਾਪ ਦੀ ਸਤੁਤੀ ਕੀ ਕਰਾਂਗੇ। ਤੁਸੀਂ ਹੀ ਕ੍ਰਿਸ਼ਨ ਹੋ, ਤੁਸੀਂ ਹੀ ਵਿਆਸ ਹੋ, ਤੁਸੀਂ ਹੀ ਫਲਾਨਾ ਹੋ....ਇਹ ਤਾਂ ਗਲਾਨੀ ਹੋਈ ਨਾ। ਬਾਪ ਦਾ ਕਿੰਨਾ ਅਪਕਾਰ ਕਰਦੇ ਹਨ। ਬਾਪ ਕਹਿੰਦੇ ਡਰਾਮਾ ਅਨੁਸਾਰ ਇਹ ਸਭ ਮੇਰਾ ਅਪਕਾਰ ਕਰਦੇ ਹਨ ਫਿਰ ਮੈਂ ਆਕੇ ਸਭ ਦਾ ਉਪਕਾਰ, ਸਭ ਦੀ ਸਦਗਤੀ ਕਰਦਾ ਹਾਂ। ਮੈਂ ਆਇਆ ਹਾਂ ਨਵੀਂ ਦੁਨੀਆਂ ਸਥਾਪਨ ਕਰਨ ਦੇ ਲਈ। ਇਹ ਹਾਰ-ਜਿੱਤ ਦਾ ਖੇਲ ਹੈ। 5 ਹਜ਼ਾਰ ਸਾਲ ਦਾ ਬਣਾ ਬਣਾਇਆ ਡਰਾਮਾ ਹੈ, ਇਸ ਵਿੱਚ ਜਰਾ ਵੀ ਫ਼ਰਕ ਨਹੀਂ ਹੋ ਸਕਦਾ ਹੈ। ਇਹ ਡਰਾਮਾ ਦਾ ਰਾਜ਼ ਬਾਪ ਬਗੈਰ ਕੋਈ ਸਮਝਾ ਨਹੀਂ ਸਕਦਾ ਹੈ। ਮਨੁੱਖ ਮੱਤ ਤਾਂ ਅਨੇਕ ਨਿਕਲਦੀਆਂ ਰਹਿੰਦੀਆਂ ਹਨ। ਦੇਵਤਾ ਮੱਤ ਤਾਂ ਮਿਲਦੀ ਨਹੀਂ ਹੈ। ਬਾਕੀ ਹੈ ਮਨੁੱਖ ਮੱਤ। ਹਰੇਕ ਆਪਣੀ ਅਕਲ ਲਾਉਂਦੇ ਰਹਿੰਦੇ ਹਨ। ਹੁਣ ਤੁਹਾਨੂੰ ਹੋਰ ਕਿਸੇ ਨੂੰ ਯਾਦ ਨਹੀਂ ਕਰਨਾ ਹੈ। ਆਤਮਾ ਸਿਰਫ਼ ਆਪਣੇ ਬਾਪ ਨੂੰ ਯਾਦ ਕਰਦੀ ਰਹੇ। ਮੇਹਨਤ ਕਰਨੀ ਹੈ। ਜਿਵੇਂ ਭਗਤ ਵੀ ਮੇਹਨਤ ਕਰਦੇ ਹਨ। ਬਹੁਤ ਸ਼ਰਧਾ ਨਾਲ ਭਗਤੀ ਕਰਦੇ ਹਨ। ਜਿਵੇਂ ਉਹ ਭਗਤੀ ਹੈ, ਤੁਹਾਡੀ ਫਿਰ ਇਹ ਹੈ ਗਿਆਨ ਦੀ ਮੇਹਨਤ। ਭਗਤੀ ਵਿੱਚ ਕੀ ਘੱਟ ਮੇਹਨਤ ਕਰਦੇ ਹਨ? ਗੁਰੂ ਲੋਕ ਕਹਿੰਦੇ ਰੋਜ਼ 100 ਮਾਲਾ ਫੇਰੋ, ਫਿਰ ਕੋਠਰੀ ਵਿੱਚ ਬੈਠ ਜਾਂਦੇ ਹਨ। ਮਾਲਾ ਫੇਰਦੇ-ਫੇਰਦੇ ਘੰਟਾ ਲੱਗ ਜਾਂਦਾ ਹੈ। ਬਹੁਤ ਕਰ ਕੇ ਰਾਮ-ਰਾਮ ਦੀ ਧੁਨੀ ਲਗਾਉਂਦੇ ਹਨ, ਇਥੇ ਤਾਂ ਤੁਹਾਨੂੰ ਬਾਪ ਦੀ ਯਾਦ ਵਿੱਚ ਰਹਿਣਾ ਹੈ। ਬਹੁਤ ਪਿਆਰ ਨਾਲ ਯਾਦ ਕਰਨਾ ਹੈ। ਕਿੰਨਾ ਮਿੱਠੇ ਤੋਂ ਮਿੱਠਾ ਬਾਬਾ ਹੈ। ਸਿਰਫ਼ ਕਹਿੰਦੇ ਹਨ ਮੈਨੂੰ ਯਾਦ ਕਰੋ ਅਤੇ ਦੈਵੀਗੁਣ ਧਾਰਨ ਕਰੋ। ਖੁੱਦ ਕਰਣਗੇ ਫਿਰ ਦੂਜਿਆਂ ਨੂੰ ਵੀ ਰਸਤਾ ਦੱਸਣਗੇ। ਬਾਪ ਜਿਹਾ ਮਿੱਠਾ ਹੋਰ ਕੋਈ ਹੋ ਨਹੀਂ ਸਕਦਾ। ਕਲਪ ਦੇ ਬਾਅਦ ਤੁਹਾਨੂੰ ਮਿੱਠਾ ਬਾਬਾ ਮਿਲਦਾ ਹੈ। ਫਿਰ ਪਤਾ ਨਹੀਂ, ਅਜਿਹੇ ਮਿੱਠੇ ਬਾਪ ਨੂੰ ਕਿਉਂ ਭੁੱਲ ਜਾਂਦੇ ਹੋ! ਬਾਪ ਸਵਰਗ ਦਾ ਰਚਿਯਤਾ ਹੈ ਤਾਂ ਤੁਸੀਂ ਵੀ ਜਰੂਰ ਸਵਰਗ ਦੇ ਮਾਲਿਕ ਬਣਦੇ ਹੋ। ਪਰ ਜੰਕ ਉਤਾਰਨ ਦੇ ਲਈ ਬਾਪ ਨੂੰ ਯਾਦ ਕਰੋ। ਨਾ ਯਾਦ ਕਰਨ ਵਿੱਚ ਕਿਹੜੀ ਮੁਸੀਬਤ ਆਉਂਦੀ ਹੈ, ਕਾਰਣ ਦੱਸੋ ਕੀ ਬਾਪ ਨੂੰ ਯਾਦ ਕਰਨਾ ਡਿਫੀਕਲਟ ਹੈ? ਅੱਛਾ!

ਮਿੱਠੇ-ਮਿੱਠੇ ਲਕੀ ਸਿਤਾਰੋਂ ਪ੍ਰਤੀ ਮਾਤ- ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਸ਼ਰੀਰ ਨਿਰਵਾਹ ਅਰਥ ਕਰਮ ਜਰੂਰ ਕਰੋ ਲੇਕਿਨ ਟੂ ਮਚ ਝੰਝਟਾਂ ਵਿੱਚ ਫੱਸਣਾ ਨਹੀਂ ਹੈ। ਇਵੇਂ ਦਾ ਚਿੰਤਨ ਧੰਧੇ ਆਦਿ ਦਾ ਨਾਂ ਹੋਵੇ ਜੋ ਬਾਪ ਦੀ ਯਾਦ ਹੀ ਭੁੱਲ ਜਾਵੇ।

**2.** ਅਨੇਕ ਮਨੁੱਖ ਮੱਤਾਂ ਨੂੰ ਛੱਡ ਇਕ ਬਾਪ ਦੀ ਮੱਤ ਤੇ ਚੱਲਣਾ ਹੈ। ਇਕ ਬਾਪ ਦੀ ਮਹਿਮਾ ਗਾਉਣੀ ਹੈ। ਇਕ ਬਾਪ ਨੂੰ ਹੀ ਪਿਆਰ ਕਰਨਾ ਹੈ, ਬਾਕੀ ਸਭ ਮੋਹ ਕੱਢ ਦੇਣਾ ਹੈ।

ਵਰਦਾਨ:- ਬੇਹੱਦ ਦੀ ਵੈਰਾਗ ਵ੍ਰਿਤੀ ਦਵਾਰਾ ਪੁਰਾਣੇ ਸੰਸਕਾਰਾਂ ਦੇ ਵਾਰ ਤੋਂ ਸੇਫ਼ ਰਹਿਣ ਵਾਲੇ ਮਾਸਟਰ ਨਾਲੇਜ਼ਫੁੱਲ ਭਵ

ਪੁਰਾਣੇ ਸੰਸਕਾਰ ਦੇ ਕਾਰਣ ਸੇਵਾ ਵਿੱਚ ਅਤੇ ਸੰਬੰਧ - ਸੰਪਰਕ ਵਿੱਚ ਵਿਘਣ ਪੈਂਦੇ ਹਨ। ਸੰਸਕਰ ਹੀ ਵੱਖ - ਵੱਖ ਰੂਪ ਨਾਲ ਆਪਣੇ ਵਲ ਆਕਰਸ਼ਿਤ ਕਰਦੇ ਹਨ। ਜਿੱਥੇ ਕਿਸੇ ਦੇ ਵਲ ਵੀ ਆਕਰਸ਼ਣ ਹੈ ਉੱਥੇ ਵੈਰਾਗ ਨਹੀਂ ਹੋ ਸਕਦਾ। ਸੰਸਕਾਰਾਂ ਦਾ ਛਿਪਿਆ ਹੋਇਆ ਅਸ਼ ਵੀ ਹੈ ਤਾਂ ਸਮੇਂ ਪ੍ਰਮਾਣ ਵੰਸ਼ ਦਾ ਰੂਪ ਲੈ ਲੈਂਦਾ ਹੈ, ਪ੍ਰਵਸ਼ ਕਰ ਦਿੰਦਾ ਹੈ ਇਸਲਈ ਨਾਲੇਜ਼ਫੁੱਲ ਬਣ, ਬੇਹੱਦ ਦੀ ਵੈਰਾਗ ਵ੍ਰਿਤੀ ਦਵਾਰਾ ਪੁਰਾਣੇ ਸੰਸਕਾਰਾਂ, ਸੰਬੰਧਾਂ, ਪਦਾਰਥਾਂ ਦੇ ਵਾਰ ਤੋਂ ਮੁਕਤ ਬਣੋ। ਤਾਂ ਸੇਫ ਰਹੋਗੇ।

ਸਲੋਗਨ:- ਮਾਇਆ ਤੋਂ ਨਿਰਭੈ ਬਣੋ ਅਤੇ ਆਪਸੀ ਸੰਬੰਧਾਂ ਵਿੱਚ ਨਿਰਮਾਣ ਬਣੋ।

******